PSTCL
PUNJAB STATE TRANSMISSION CORPORATION LTD.
*(Regd. Office: PSEB Head Office, The Mall, Patiala-147001)*
CIN: U40109PB2010SGC033814
Office of the Chief Financial Officer, EAD, Billing & NPS Section, Shakti Sadan, Patiala.
Tel: 0175-2206024 website: www.pstcl.org Email Id: ao-nps@pstcl.org

ਵੱਲ

ਸਮੂਹ ਪ੍ਰਮੁੱਖ ਇੰਜ:/ਮੁੱਖ ਇੰਜ:/ਵਿਭਾਗਾਂ ਦੇ ਮੁੱਖੀ/ਨਿਗਰਾਨ ਇੰਜ:/
ਵਧੀਕ ਨਿਗਰਾਨ ਇੰਜ:/ਸੀਨੀਅਰ ਕਾਰਜਕਾਰੀ ਇੰਜ:/ਡੀ.ਡੀ.ਓਜ.
ਅਧੀਨ ਪੀ.ਐਸ.ਟੀ.ਸੀ.ਐਲ ਪਟਿਆਲਾ।

ਮੀਮੋ ਨੰ: 135/258 ਮਿਤੀ: 6-3-2018

ਵਿਸ਼ਾ: ਸੇਵਾ ਪੱਤਰੀ ਪ੍ਰੀਆਡਿਟ ਕਰਵਾਉਣ ਸਮੇਂ ਈ. ਏ. ਡੀ ਸ਼ਾਖਾ ਵਲੋਂ ਲਗਾਏ ਇਤਰਾਜ਼ ਦੂਰ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਮਹਿਕਮੇ ਵਲੋਂ ਸੇਵਾ ਪੱਤਰੀਆ ਪ੍ਰੀਆਡਿਟ ਕਰਵਾਉਣ ਸਬੰਧੀ ਸਮੇ ਸਮੇ ਸਿਰ ਹਦਾਇਤਾ ਜਾਰੀ ਕੀਤੀਆ ਜਾਂਦੀਆ ਰਹੀਆਂ ਹਨ, ਪਰੰਤੂ ਇਹ ਆਮ ਦੇਖਣ ਵਿੱਚ ਆਇਆ ਹੈ ਕਿ ਰਿਟਾਇਰਮੈਂਟ/ਗਜ਼ਟਿਡ ਅਧਿਕਾਰੀ ਬਨਣ ਸਮੇਂ ਇਸ ਦਫਤਰ ਨੂੰ ਸੇਵਾ ਪੱਤਰੀ ਭੇਜਣ ਸਮੇਂ ਸਬੰਧਤ ਦਫਤਰ ਵਲੋ ਪੂਰਾ ਧਿਆਨ ਨਹੀ ਦਿੱਤਾ ਜਾਂਦਾ, ਜਿਸ ਕਰਕੇ ਸੇਵਾ ਪੱਤਰੀ ਤੇ ਬਾਰ ਬਾਰ ਇਤਰਾਜ ਲੱਗਦੇ ਹਨ ਅਤੇ ਸੇਵਾ ਪੱਤਰੀ ਪ੍ਰੀਆਡਿਟ ਕਰਨ ਵਿੱਚ ਦੇਰੀ ਹੋ ਜਾਂਦੀ ਹੈ। ਇਸ ਲਈ ਮੁੱਖ ਵਿੱਤੀ ਅਫਸਰ/ਈ.ਏ.ਡੀ, ਪੀ.ਐਸ.ਪੀ.ਸੀ.ਐਲ, ਪਟਿਆਲਾ ਜੀ ਦੇ ਮੀਮੋ ਨੰ: 1291/1785 ਮਿਤੀ 13.2.18 ਰਾਹੀ ਜਾਰੀ ਹਦਾਇਤਾ ਅਨੁਸਾਰ, ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਆਪ ਦੇ ਅਧੀਨ ਆਉਂਦੇ ਸਾਰੇ ਕਰਮਚਾਰੀਆ ਦੀਆ ਸੇਵਾ ਪੱਤਰੀਆਂ 50/55 ਸਾਲ ਦੀ ਉਮਰ ਪੂਰੀ ਹੋਣ ਤੇ ਪ੍ਰੀਆਡਿਟ ਕਰਵਾ ਲਈਆਂ ਜਾਣ।

ਇਸ ਤੋ ਇਲਾਵਾ ਇਸ ਦਫਤਰ ਵਲੋ ਸੇਵਾ ਪੱਤਰੀ ਤੇ ਜ਼ੋ ਇਤਰਾਜ ਲਗਾਏ ਜਾਂਦੇ ਹਨ ਉਹਨਾਂ ਨੂੰ ਸਹੀ ਰੂਪ ਵਿੱਚ ਸਾਰੇ ਇਤਰਾਜ ਦੂਰ ਕਰਕੇ ਭੇਜੇ ਜਾਣ।ਕਈ ਦਫਤਰ ਇਤਰਾਜ ਤਾਂ ਦੂਰ ਕਰ ਦਿੰਦੇ ਹਨ ਪਰ ਉਹਨਾ ਉੱਪਰ ਡੀ.ਡੀ.ਓ. ਦੇ ਹਸਤਾਖਰ ਨਹੀ ਕਰਵਾਏ ਜਾਂਦੇ, ਜਿਸ ਕਰਕੇ ਸੇਵਾ ਪੱਤਰੀ ਫਿਰ ਵਾਪਿਸ ਭੇਜਣੀ ਪੈਂਦੀ ਹੈ।ਇਸੇ ਤਰਾਂ ਜਦੋ ਤਨਖਾਹ ਫਿਕਸ ਕਰਨ ਸਬੰਧੀ ਇਤਰਾਜ ਲਗਾਇਆ ਜਾਂਦਾ ਹੈ ਤਾਂ ਉਸ ਇਤਰਾਜ ਨੂੰ ਦੂਰ ਕਰਦੇ ਹੋਏ ਅਗਲੀ ਤਨਖਾਹ ਵੀ ਅਪਟੂ ਡੇਟ ਫਿਕਸ ਕੀਤੀ ਜਾਵੇ ਅਤੇ ਸਬੰਧਤ ਲੇਖਾ ਅਫਸਰ ਤੋ ਪ੍ਰੀਆਡਿਟ ਕਰਵਾਈ ਜਾਵੇ। ਫਿਰ ਵੀ ਜੇਕਰ ਕਿਸੇ ਦਫਤਰ ਨੂੰ ਕੋਈ ਇਤਰਾਜ ਸਮਝ ਨਹੀ ਆਉਂਦਾ ਤਾਂ ਉਹ ਫੋਨ ਰਾਹੀ ਈ.ਏ.ਡੀ. ਸ਼ਾਖਾ ਤੋ ਇਤਰਾਜ ਸਮਝ ਕੇ ਦੂਰ ਕਰਵਾ ਸਕਦਾ ਹੈ।

ਇਸ ਲਈ ਸੇਵਾ ਪੱਤਰੀ ਪੜਤਾਲ ਕਰਵਾਉਣ ਲਈ ਇਸ ਦਫਤਰ ਨੂੰ ਭੇਜਣ ਸਮੇਂ ਸੇਵਾ ਪੱਤਰੀ ਦੀ ਚੰਗੀ ਤਰਾਂ ਛਾਣ ਬੀਣ ਕਰਨ ਉਪਰੰਤ ਹੀ ਸੇਵਾ ਪੱਤਰੀ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜ਼ੋ ਸੇਵਾ ਪੱਤਰੀ ਸਮੇਂ ਸਿਰ ਬਿਨਾਂ ਦੇਰੀ ਤੋ ਪੜਤਾਲ ਕੀਤੀ ਜਾ ਸਕੇ।

ਇਹ ਮੁੱਖ ਵਿੱਤ ਅਫਸਰ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ।

6/03/18

ਸੀਨੀ: ਲੇਖਾ ਅਫਸਰ/ਈ.ਏ.ਡੀ,
ਬਿਲਿੰਗ ਐਂਡ ਐਨ.ਪੀ.ਐਸ,
ਪੀ.ਐਸ.ਟੀ.ਸੀ.ਐਲ., ਪਟਿਆਲਾ

ਸੀ:ਸੀ: 259 ਮਿਤੀ:06-03-2018

ਵਧੀਕ ਨਿਗਰਾਨ ਇੰਜ:/ਆਈ ਟੀ, ਪੀ.ਐਸ.ਟੀ.ਸੀ.ਐਲ., ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਪੱਤਰ ਨੂੰ ਪੀ.ਐਸ.ਟੀ.ਸੀ.ਐਲ ਦੀ ਸਾਈਟ ਤੇ ਅਪਲੋਡ ਕੀਤਾ ਜਾਵੇ।ਇਸ ਮੰਤਵ ਲਈ ਲੇਖਾ ਅਫਸਰ/ਈ.ਏ.ਡੀ ਪਟਿਆਲਾ ਦਾ ਅਲੱਗ ਲਿੰਕ ਬਣਾ ਲਿਆ ਜਾਵੇ ਜਾਂ ਮੁੱਖ ਵਿੱਤੀ ਅਫਸਰ ਜੀ ਦੇ ਲਿੰਕ ਅਧੀਨ ਇਹ ਪੱਤਰ ਅਪਲੋਡ ਕੀਤਾ ਜਾਵੇ।